ਦਫਤਰ ਡਾਇਰੈਕਟਰ ਜਰਨਲ ਸਕੂਲ ਸਿੱਖਿਆ, ਪੰਜਾਬ,ਐਸ.ਏ.ਐਸ.ਨਗਰ
ਈ-ਬਲਾਕ, ਪੰਜਵੀਂ ਮੰਜਿਲ ਪੰਜਾਬ ਸਕੂਲ ਸਿੱਖਿਆ ਬੋਰਡ ਕੰਪਲੈਕਸ,ਫੇਜ-8 ਐਸ.ਏ.ਐਸ ਨਗਰ
(ਵਜੀਫਾ ਸਾਖਾ)

13

ਵੱਲ

519
6/2/18

ਸਮੂਹ ਜਿਲ੍ਹਾ ਸਿੱਖਿਆ ਅਫਸਰ (ਸੈ.ਸਿ)

ਪੰਜਾਬ।

ਮੀਮੋ ਨੰ: ਕੇ.ਡਬਲਯੂ 8/2-17 ਵਜੀਫਾ(6)

ਮਿਤੀ : 2-2-18

ਵਿਸ਼ਾ- ਪੰਜਾਬ ਦੇ ਸਮੂਹ ਸਕੂਲਾ ਵਿੱਚ ਆਧਾਰ ਇਨਰੋਲਮੈਂਟ 100 % ਕਰਨ ਸਬੰਧੀ।

ਹਵਾਲਾ- ਇਸ ਦਫਤਰ ਦੇ ਮੀਮੋ ਨੰ 2018431 ਮਿਤੀ 8-1-18 ਦੇ ਸਬੰਧ ਵਿੱਚ।

ਉਪਰੋਕਤ ਵਿਸ਼ੇ ਅਤੇ ਹਵਾਲਾ ਅਧੀਨ ਪੱਤਰ ਰਾਹੀਂ ਮਾਨਯੋਗ ਸਕੱਤਰ ਸਕੂਲ ਸਿੱਖਿਆ, ਪੰਜਾਬ ਜੀ ਦੇ ਆਦੇਸ਼ਾ ਅਨੁਸਾਰ ਆਪ ਜੀ ਦੇ ਅਧੀਨ ਆਉਦੇ ਸਰਕਾਰੀ ਅਤੇ ਪ੍ਰਾਈਵੇਟ ਸਕੂਲਾ ਦਾ ਆਧਾਰ ਇਨਰੋਲਮੈਂਟ 100 % ਕਰਨ ਲਈ ਆਪ ਜੀ ਨੂੰ ਹਦਾਇਤਾ ਕਰਨ ਲਈ ਲਿਖਿਆ ਗਿਆ ਸੀ। ਪਰ ਬਹੁਤ ਹੀ ਖੇਦ ਦੀ ਗੱਲ ਹੈ ਕਿ ਆਧਾਰ ਸਟੇਟਸ ਵਿੱਚ ਕੋਈ ਖਾਸ ਸੁਧਾਰ ਨਹੀਂ ਹੋਇਆ ਹੈ। ਇਸ ਸਬੰਧੀ ਮਾਨਯੋਗ ਸਕੱਤਰ ਸਕੂਲ ਸਿੱਖਿਆ, ਪੰਜਾਬ ਜੀ ਵੱਲੋ ਹਦਾਇਤ ਕੀਤੀ ਗਈ ਹੈ ਕਿ ਇਸ ਕੰਮ ਵਿੱਚ ਤੇਜ਼ੀ ਲਿਆਂਦੀ ਜਾਵੇ ਅਤੇ ਆਧਾਰ ਇਨਰੋਲਮੈਂਟ 100 % ਕਰਨਾ ਯਕੀਨੀ ਬਣਾਇਆ ਜਾਵੇ।

ਇਸ ਸਬੰਧੀ ਆਪ ਨੂੰ ਲਿਖਿਆ ਜਾਦਾ ਹੈ ਕਿ ਆਧਾਰ ਇਨਰੋਲਮੈਂਟ ਨੂੰ 100 % ਕਰਨ ਲਈ ਉਚੇਚੇ ਕਦਮ ਚੁੱਕੇ ਜਾਣ ਅਤੇ ਪ੍ਰਾਈਵੇਟ ਸਕੂਲਾ ਵੱਲ ਖਾਸ ਧਿਆਨ ਦਿੱਤਾ ਜਾਵੇ। ਇਸ ਤੋ ਇਲਾਵਾ ਆਧਾਰ ਇਨਰੋਲਮੈਂਟ ਦੀ ਹਫਤਾਵਰ ਰਿਪੋਰਟ ਇਸ ਦਫਤਰ ਨੂੰ ਭੇਜੇ ਜਾਣਾ ਯਕੀਨੀ ਬਣਾਇਆ ਜਾਵੇ।

2/2/18
ਵਿਸ਼ੇਸ ਕਾਰਜ ਅਫਸਰ (ਵਜੀਫਾ)

ਦਫਤਰ ਜਿਲਾ ਸਿੱਖਿਆ ਅਫਸਰ (ਸੈ:ਸਿ:) ਅੰਮ੍ਰਿਤਸਰ

ਪਿੱਠ ਅੰਕਣ ਨੰ: ਸ/-1-718-917 ਮਿਤੀ: 13-2-18

ਉਪਰੋਕਤ ਦਾ ਉਤਾਰਾ ਪ੍ਰਿੰਸੀਪਲ/ ਮੁੱਖ ਅਧਿਆਪਕ ਸਸਸਸ/ ਸਹਸ ਜਿਲਾ ਅੰਮ੍ਰਿਤਸਰ ਨੂੰ ਭੇਜਦੇ ਹੋਏ ਲਿਖਿਆ ਜਾਂਦਾ ਹੈ ਕਿ ਉਪਰੋਕਤ ਹਦਾਇਤਾਂ ਦੀ ਇੰਨ ਬਿਨ ਪਾਲਣਾ ਕਰਨੀ ਯਕੀਨੀ ਬਨਾਈ ਜਾਵੇ।

ਜਿਲਾ ਸਿੱਖਿਆ ਅਫਸਰ (ਸੈ:ਸਿ:)
ਅੰਮ੍ਰਿਤਸਰ
13/2/18